## ਸ਼ੇਖ ਫ਼ਰੀਦ - ਸਬਦ ੨੬

### ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥

### ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੯

ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥
ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥੨੨॥

ਸਾਰ: ਸਾਡਾ ਸਭ ਤੋਂ ਵਫ਼ਾਦਾਰ ਮਿੱਤਰ ਸਾਡੀ ਚੇਤਨਾ ਹੈ - ਜਾਗਰੂਕਤਾ ਦੀ ਅੰਤਰੀਵੀ ਆਵਾਜ਼ ਜੋ ਸਾਨੂੰ ਸਾਡੇ ਮਖੌਟ, ਭੂਮਿਕਾਵਾਂ ਅਤੇ ਸਮੇਂ ਤੋਂ ਪਾਰ ਜਾਣਦੀ ਹੈ। ਇਹ ਨਿਰੰਤਰ ਸਾਥੀ ਸਾਡੇ ਹਰ ਪਲ ਦੀ ਗਵਾਹ ਹੈ ਅਤੇ ਸਾਨੂੰ ਲੋੜੀਂਦਾ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ। ਪਰ ਸਫਲਤਾ ਦੀ ਭਾਲ ਅਤੇ ਅਸਥਾਈ ਇੱਛਾਵਾਂ ਦੀ ਪੂਰਤੀ ਵਿਚ, ਅਸੀਂ ਅਕਸਰ ਇਸ ਸਾਥੀ ਨੂੰ ਨਜ਼ਰਅੰਦਾਜ਼ ਕਰਦੇ ਹਾਂ, ਇਸਨੂੰ ਮਹੱਤਵਪੂਰਨ ਨਹੀਂ ਸਮਝਦੇ। ਇਹ ਅਣਗਹਿਲੀ ਸਾਡੇ ਅਸਲ ਸਵੈ ਨਾਲੋਂ ਸਾਡਾ ਸੰਪਰਕ ਤੋੜ ਦਿੰਦੀ ਹੈ, ਜਿਸਦੇ ਨਤੀਜੇ ਵਜੋਂ ਟਕਰਾਅ, ਉਲਝਣ ਜਾਂ ਦੁੱਖ ਪੈਦਾ ਹੁੰਦਾ ਹੈ। ਇਸ ਜਾਗਰੂਕਤਾ ਨਾਲ ਦੁਬਾਰਾ ਜੁੜ, ਇਸਦੀ ਸੂਝ ਨੂੰ ਧਾਰਨ ਕਰ, ਅਸੀਂ ਵਧੇਰਾ ਭਰਪੂਰ ਜੀਵਨ ਜੀਅ ਸਕਦੇ ਹਾਂ।

ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥
ਫਰੀਦ ਕਹਿੰਦੇ ਹਨ ਕਿ ਕਾਸ਼ ਮੈਂ ਆਪਣੇ ਦੋਸਤ ਦੇ ਆਉਣ 'ਤੇ ਉਸ ਦੇ ਸਵਾਗਤ ਲਈ ਉੱਥੇ ਹੁੰਦਾ। ਇਹ ਅੰਦਰੂਨੀ ਜਾਗਰੂਕਤਾ ਨੂੰ ਗ੍ਰਹਿਣ ਕਰਨ ਲਈ ਸੁਚੇਤ ਤੌਰ 'ਤੇ ਮੌਜੂਦ ਨਾ ਹੋਣ ਦਾ ਪ੍ਰਗਟਾਵਾ ਹੈ।

ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥੨੨॥
ਸਰੀਰ ਸੜ ਰਿਹਾ ਹੈ ਅਤੇ ਬਲਦੇ ਕੋਲੇ ਦੀ ਤਰ੍ਹਾਂ ਲਾਲ ਹੋ ਰਿਹਾ ਹੈ। ਇਹ ਦ੍ਰਿਸ਼ਟਾਂਤ ਮੂਲ ਬਿਬੇਕ ਨਾਲੋਂ ਟੁੱਟ ਅੰਤਰੀਵੀ ਤਸੀਹੇ ਝਲਣ ਦਾ ਪ੍ਰਮਾਣ ਹੈ। (੨੨)

ਤੱਤ: ਸੇਖ ਫਰੀਦ ਉਸ ਭਾਵਨਾਤਮਕ ਅਸਥਿਰਤਾ ਨੂੰ ਦਰਸਾਉਂਦੇ ਹਨ ਜੋ ਕਿਸੇ ਦੁਆਰਾ ਅੰਤਰੀਵੀ ਗਿਆਨ ਨੂੰ ਧਾਰਨ ਨਾ ਕਰਣ ਕਰਕੇ ਪੈਦਾ ਹੁੰਦੀ ਹੈ। ਉਹ ਇਸ ਵਿਛੋੜੇ ਦੇ ਦਰਦ ਦੀ ਤੁਲਨਾ ਭਖਦੇ ਹੋਏ ਕੋਲਿਆਂ ਦੀ ਤੀਬਰਤਾ ਨਾਲ ਕਰਦੇ ਹਨ ਤਾਂ ਜੋ ਸੱਚੇ ਸਵੈ ਦੇ ਵਿਛੋੜੇ ਕਾਰਣ, ਪੈਦਾ ਹੋਣ ਵਾਲੀ ਤਕਲੀਫ਼

ਨੂੰ ਦਰਸਾਇਆ ਜਾ ਸਕੇ। ਇਹ ਬਿੰਬ ਮਨ ਦੇ ਭਰਮਾਂ ਤੋਂ ਉਪਰ ਉਠਣ ਅਤੇ ਸਾਡੇ ਅੰਦਰਲੇ ਵਿਸ਼ਵਵਿਆਪੀ ਸੱਚ ਨਾਲ ਮੁੜ ਜੁੜਨ ਦੀ ਡੂੰਘੀ ਤਾਂਘ ਨੂੰ ਦਰਸਾਉਂਦਾ ਹੈ, ਜਿਸਨੂੰ ਅਕਸਰ ਹਉਮੈ ਅਤੇ ਸੋੜੀਆਂ ਧਾਰਨਾਵਾਂ ਕਾਰਣ ਅਣਗੌਲਿਆ ਕੀਤਾ ਜਾਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**